# ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਿਟੀ

GMADA

**ਪੁੱਡਾ ਭਵਨ, ਸੈਕਟਰ-62, ਸਾਹਿਬਜਾਦਾ ਅਜੀਤ ਸਿੰਘ ਨਗਰ-160062**

## (ਦਫਤਰੀ ਹੁਕਮ)

**ਮਕਾਨ ਨੰ: 632 ਬੀ, ਸੈਕਟਰ 65, ਫੇਜ-11,ਐਸ.ਏ.ਐਸ. ਨਗਰ** ਇਸ ਦਫਤਰ ਦੇ ਪੱਤਰ ਨੰ:19567 ਮਿਤੀ 21-12-1989 ਰਾਹੀਂ ਸ੍ਰੀ ਦਲਜੀਤ ਸਿੰਘ ਸੋਹਲ ਪੁੱਤਰ ਸ੍ਰੀ ਖਜਾਨ ਸਿੰਘ ਨੂੰ ਰਿਹਾਇਸੀ ਮੰਤਵ ਲਈ ਅਲਾਟ ਕੀਤਾ ਗਿਆ ਸੀ। ਪ੍ਰੰਤੂ ਮੌਕੇ ਤੇ ਮਕਾਨ ਦੇ ਗੈਰਾਜ ਵਿੱਚ ਅਣਅਧਿਕਾਰਤ ਤੌਰ ਤੇ ਕਮਰਸੀਅਲ ਰੈਸਟੋਰੈਂਟ ਚਲਾਉਣ ਕਰਕੇ ਮਿਲਖ ਦਫਤਰ ਵਲੋਂ ਪੰਜਾਬ ਰਿਜਨਲ ਟਾਉਨ ਪਲੈਨਿੰਗ ਅਤੇ ਡਿਵੈਲਪਮੈਂਟ ਐਕਟ 1995 ਦੀ ਧਾਰਾ 45 ਅਧੀਨ ਕਾਰਵਾਈ ਕਰਦੇ ਹੋਏ ਪੱਤਰ ਨੰਬਰ 36004 ਮਿਤੀ 13-09-2010 ਰਾਹੀਂ **ਮਕਾਨ ਨੰ: 632 ਬੀ, ਸੈਕਟਰ 65, ਫੇਜ-11,ਐਸ.ਏ.ਐਸ. ਨਗਰ ਦੀ ਅਲਾਟਮੈਂਟ ਰੱਦ ਕਰ ਦਿੱਤੀ ਗਈ ਅਤੇ** ਕੁੱਲ ਕੀਮਤ ਦਾ 10 ਪ੍ਰਤੀਸਤ ਹਿੱਸਾ ਪੁੱਡਾ ਦੇ ਹੱਕ ਵਿੱਚ ਜਬਤ ਕਰ ਲਿਆ ਗਿਆ।

ਮਿਲਖ ਅਫਸਰ, ਗਮਾਡਾ ਦੇ ਇਨ੍ਹਾਂ ਹੁਕਮਾਂ ਵਿਰੁੱਧ ਅਲਾਟੀ ਵਲੋਂ ਵਧੀਕ ਮੁੱਖ ਪ੍ਰਸ਼ਾਸ਼ਕ, ਗਮਾਡਾ-ਕਮ-ਐਪੀਲੇਟ ਅਥਾਰਟੀ ਜੀ ਪਾਸ ਦਾਇਰ ਕੀਤੀ ਗਈ। ਪਰੰਤੂ ਉੱਕਤ ਅਧਿਕਾਰੀ ਵੱਲੋ ਇਹ ਅਪੀਲ ਮਿਤੀ 02-02-2011 ਨੂੰ ਖਾਰਜ ਕਰ ਦਿੱਤੀ ਗਈ। ਅਲਾਟੀ ਵਲੋਂ ਇਨ੍ਹਾਂ ਹੁਕਮਾਂ ਦੇ ਵਿਰੁਧ ਰਵੀਜਨਲ ਅਥਾਰਟੀ ਪਾਸ ਅਪੀਲ ਦਾਇਰ ਕੀਤੀ ਗਈ ਜੋ ਕਿ ਸਮੱਰਥ ਅਧਿਕਾਰੀ ਵੱਲੋ ਵੀ ਖਾਰਜ ਕਰ ਦਿੱਤੀ ਗਈ। **ਇਸ ਉਪਰਤ ਅਲਾਟੀ ਵੱਲੋ CWP no. 27003 of 2014** ਰਾਹੀ ਅਪੀਲ ਮਾਨਯੋਗ ਪੰਜਾਬ ਐਂਡ ਹਰਿਆਣਾ ਹਾਈ ਕੋਰਟ ਵਿੱਖ ਦਾਇਰ ਕੀਤੀ ਗਈ। ਇਸ ਕੇਸ / ਅਪੀਲ ਦਾ ਫੈਸਲਾ ਮਿਤੀ **02-02-2015** ਨੂੰ ਦਿੰਦੇ ਹੋਏ ਕੇਸ ਰਵੀਜਨਲ ਅਥਾਰਟੀ ਨੂੰ ਰਿਮਾਂਡ ਕਰਦੇ ਹੋਏ ਹੁਕਮ ਕੀਤੇ ਗਏ ਕਿ ਰਵੀਜਨਲ ਅਥਾਰਟੀ ਤੱਥਾਂ ਦੇ ਅਧਾਰ ਤੇ ਪਟੀਸ਼ਨਰ ਵੱਲੋ ਦਾਇਰ ਕੀਤੀ ਰਵੀਜਨ ਪਟੀਸ਼ਨ ਪਟੀਸ਼ਨਰ ਅਤੇ ਉਨ੍ਹਾਂ ਦੇ ਵਕੀਲ ਨੂੰ ਸੁਣਵਾਈ ਦਾ ਮੋਕਾ ਦਿੰਦੇ ਹੋਏ ਡਿਸਾਇਡ ਕਰੇ। ਇਨ੍ਹਾਂ ਹੁਕਮਾ ਦੇ ਸਨਮੁੱਖ ਰਵੀਜਨਲ ਅਥਾਰਟੀ ਵੱਲੋ ਮਿਤੀ **24-05-2021** ਨੂੰ ਹੁਕਮ ਪਾਸ **ਕੀਤੇ ਕਿ "In view of facts mentioned above since no genesis of contenttion exists in this case and I am satisfied with the submissions of the counsel of Petitioner and the present revsion petition is allowed and allotment of the House No. HIG-632 B, Phase-11 Mohali is restored in favour of Petitioner subject to the payment of due charges/fee, if any, payable by the Petitioner in this case."**

ਉਪ ਮੰਡਲ ਇੰਜੀਨੀਅਰ(ਬ) ਦੀ ਰਿਪੋਰਟ ਮਿਤੀ 26-5-2023 ਅਨੁਸਾਰ ਹੁਣ ਮਕਾਨ ਵਿੱਚ ਕੋਈ ਕਮਰਸੀਅਲ ਵਰਤੋ ਨਹੀਂ ਕੀਤੀ ਜਾ ਰਹੀ ਹੈ। ਕਿਉਂਜੋ ਹੁਣ ਉਕਤ ਮਕਾਨ ਦਾ ਜਬਤੀ ਦਾ ਅਧਾਰ ਹੀ ਖਤਮ ਹੋ ਗਿਆ ਹੈ, ਇਸ ਲਈ ਰਵੀਜਨਲ ਅਥਾਰਟੀ ਦੇ ਹੁਕਮ ਮਿਤੀ 24-05-2021 ਵਿਰੁੱਧ ਰਵੀਜਨ ਦਾਇਰ ਕਰਨ ਦਾ ਕੋਈ ਠੋਸ ਕਾਨੂੰਨੀ ਆਧਾਰ ਨਹੀਂ ਬਣਦਾ। ਇਸ ਲਈ ਮੁੱਖ ਪ੍ਰਸ਼ਾਸ਼ਕ,ਗਮਾਡਾ ਵੱਲੋ ਫਿਟ-ਨਾਨ ਫਿਟ ਕਮੇਟੀ ਦੀਆਂ ਸ਼ਿਫਾਰਸ਼ ਦੇ ਸਨਮੁੱਖ ਮਿਤੀ 3-7-2023 ਰਾਹੀ ਦਿੱਤੀ ਗਈ

**ਪ੍ਰਵਾਨਗੀ ਦੇ ਅਧਾਰ ਤੇ ਮਕਾਨ ਨੰ: 632 ਬੀ, ਸੈਕਟਰ 65, ਫੇਜ-11,ਐਸ.ਏ.ਐਸ. ਨਗਰ ਨੂੰ ਬਹਾਲ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।**

ਮਿਲਖ ਅਫਸਰ (ਹ)
ਗਮਾਡਾ, ਐਸ.ਏ.ਐਸ ਨਗਰ।

ਪਿੱਠ ਅੰਕਣ ਨੰ: 76925 ਮਿਤੀ: 05/07/2023

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਂਈ ਹਿੱਤ ਭੇਜਿਆ ਜਾਦਾ ਹੈ :-

1) ਸ੍ਰੀ ਦਲੀਪ ਸਿੰਘ ਸੋਹਲ ਪੁੱਤਰ ਸ੍ਰੀ ਖਜਾਨ ਸਿੰਘ, ਰਾਹੀ ਸ੍ਰੀਮਤੀ ਸੁਰਜੀਤ ਕੌਰ ਜੀ.ਪੀ.ਏ, ਵਾਸੀ ਮਕਾਨ ਨੰ: 39, ਫੇਜ-7, ਐਸ.ਏ.ਐਸ ਨਗਰ (ਮੋਹਾਲੀ)
2) ਸਹਾਇਕ ਸਿਸਟਮ ਮੈਨੇਜਰ, ਆਈ.ਟੀ.ਸੈਲ ਗਮਾਡਾ, ਐਸ.ਏ.ਐਸ ਨਗਰ ਨੂੰ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

ਮਿਲਖ ਅਫਸਰ (ਹ)
ਗਮਾਡਾ,ਐਸ.ਏ.ਐਸ ਨਗਰ।

PA-II 12/7/23